**Shikshan Sanshodhan** : Journal of Arts, Humanities and Social Sciences ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 10, October - 2022 Publication Date: 31/10/2022

DOIs:10.2018/SS/202210006 --:-- Research Article

# ਸਵੈ-ਅਨੁਭਵ ਦੀ ਪੇਸ਼ਕਾਰੀ : ਅੱਕ ਦਾ ਦੁੱਧ

**ਜਗਸੀਰ ਕਸ਼ਮੀਰ**
ਪੀ.ਐਚ.ਡੀ., ਵਿਭਾਗ – ਪੰਜਾਬੀ, ਯੁਨੀਵਰਸਿਟੀ ਕਾਲਜ ਬੇਸਿਕ ਸੈਕਟਰ ਅਤੇ ਮਨੁੱਖਤਾ,
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)
ਈਮੇਲ :- jassbrarsidhu@gmail.com

ਸਵੈਜੀਵਨੀ ਦਾ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਸਥਾਨ ਹੈ। ਭਾਵੇਂ ਹੋਰ ਵਿਧਾਵਾਂ ਦੇ ਮੁਕਾਬਲੇ ਸਵੈਜੀਵਨੀ ਬਾਰੇ ਘੱਟ ਚਰਚਾ ਹੋਈ ਹੈ। ਸਵੈਜੀਵਨੀ ਵਿਚ ਲੇਖਕ ਆਪਣੀ ਹੋਂਦ, ਹਸਤੀ, ਸਫ਼ਲਤਾਵਾਂ, ਅਸਫ਼ਲਾਵਾਂ ਅਤੇ ਔਕੜਾਂ ਦਾ ਬਿਆਨ ਅਤੇ ਨਿੱਜੀ ਅਨੁਭਵ ਪੇਸ਼ ਕਰਦਾ ਹੈ। ਇਸ ਵਿਧਾ ਦੇ ਪਰਿਪੇਖ ਵਿਚ ਦਲਿਤ ਸਵੈਜੀਵਨੀਆਂ ਦਲਿਤ ਪਛਾਣ ਦੇ ਮਸਲਿਆਂ ਨੂੰ ਪੇਸ਼ ਕਰਦੀਆਂ ਹਨ। ਪੰਜਾਬੀ ਸਮਾਜ ਵਿਚ ਜਾਤ-ਪਾਤ, ਉਚ-ਨੀਚ ਦਾ ਕੋਹੜ ਫੈਲਿਆ ਹੋਇਆ ਹੈ। ਸਾਧਨ-ਹੀਣ ਅਤੇ ਭੂਮੀਹੀਣ ਲਾਚਾਰ ਲੋਕਾਂ ਦੀਆਂ ਮਜ਼ਬੂਰੀਆਂ ਦਾ ਲਾਹਾ ਉੱਚ-ਜਾਤੀਆਂ ਦੇ ਲੋਕ ਲੈ ਰਹੇ ਹਨ। ਇਸ ਨਾਲ ਸਮਾਜ ਦੇ ਇਸ ਵਰਗ ਦਾ ਆਪਾ ਬੁਰੀ ਤਰ੍ਹਾਂ ਜਖਮੀ ਹੋ ਗਿਆ ਹੈ। ਦਲਿਤ ਸਵੈਜੀਵਨੀਆਂ ਵਿਚ ਇਸ ਜਖ਼ਮੀ ਆਪੇ ਦੀ ਪੇਸ਼ਕਾਰੀ ਕੀਤੀ ਹੋਈ ਹੈ।

ਸਵੈਜੀਵਨੀ ਦੀ ਸੰਰਚਨਾ ਜਾਤੀ ਵਿਤਕਰੇ ਦੀਆਂ ਵਿਆਖਿਆਵਾਂ 'ਤੇ ਉੱਸਰੀ ਹੈ। ਅਜਿਹੇ ਵਿਤਕਰੇ ਦਾ ਸਵੈ-ਅਨੁਭਵ ਅਤਰਜੀਤ ਦੀ ਸਵੈ-ਜੀਵਨੀ 'ਅੱਕ ਦਾ ਦੁੱਧ' ਹੈ। ਇਸ ਸਵੈ-ਅਨੁਭਵ ਕੇਵਲ ਅਤਰਜੀਤ ਦਾ ਹੀ ਨਹੀਂ ਬਲਕਿ ਸਮਾਜ ਵਜੋਂ ਤ੍ਰਿਸਕਾਰੇ ਹਰ ਦਲਿਤ ਮਨੁੱਖ ਦਾ ਹੈ। ਉੱਚ ਜਾਤ੍ਰੀ ਦੇ ਲੋਕਾਂ ਵੱਲੋਂ ਆਪਣੇ ਭਾਂਡਿਆਂ ਤੱਕ ਨੂੰ ਹੱਥ ਲਾਉਣ ਦੀ ਇਜ਼ਾਜਤ ਨਹੀਂ ਸੀ।

"ਕੁਤਰੇ ਵਾਲੀ ਮਸ਼ੀਨ ਕੋਲ ਬਣੇ ਆਲੇ ਵਿਚ ਪਈ ਬਾਟੀ ਅਤੇ ਦਿਹਾੜੀ ਜਾਂਦਿਆਂ ਪਰਨੇ ਦੇ ਲੜ ਬੰਨ੍ਹੀ ਬਾਟੀ ਮੇਰੇ ਤਾਂ ਮੌਰਾਂ ਵਿਚ ਡੰਗ ਮਾਰਦੀ ਰਹੀ ਸੀ।"[1]

ਸਵੈਜੀਵਨੀ ਵਿਚ ਲੇਖਕ ਦਾ ਸਵੈ ਭਰਵੇਂ ਰੂਪ ਵਿਚ ਪੇਸ਼ ਹੁੰਦਾ ਹੈ। ਜਦ ਲੇਖਕ ਨੂੰ ਸਰਕਾਰੀ ਹਾਈ ਸਕੂਲ ਉਝਾਣੇ ਤਿੰਨ ਮਹੀਨਿਆਂ ਲਈ ਨੌਕਰੀ ਮਿਲਦੀ ਹੈ ਤਾਂ ਹੈੱਡਮਾਸਟਰ ਨਾਹਰ ਸਿੰਘ ਸਰਵਿਸ ਬੁੱਕ ਤਿਆਰ ਕਰਦਿਆਂ ਲੇਖਕ ਨੂੰ ਪੁੱਛਦਾ ਹੈ :
"ਪਹਿਲਾਂ ਨਾਂ ਦੱਸੀ ਜਾਤ? ਮੈਨੂੰ ਸਰਵਿਸ ਬੁੱਕ `ਚੋ ਪੜ੍ਹ ਕੇ ਪਤਾ ਲੱਗਿਐ?"[2]
ਅੱਗੋਂ ਲੇਖਕ ਵੀ ਚੁੱਪ ਕਰਕੇ ਨਹੀਂ ਬਹਿੰਦਾ ਸਗੋਂ ਮੋੜਵਾਂ ਉੱਤਰ ਦਿੰਦਾ ਹੈ:-
"ਤੁਸੀਂ ਆਉਂਦੇ ਨੂੰ ਹੀ ਪੁੱਛ ਲੈਂਦੇ। ਮੈਂ ਗਲ ਵਿਚ ਢੋਲ ਪਾ ਕੇ ਕੁੱਟਾ ਲਈ। ਮੈਂ ਰਾਮਦਾਸੀਆ ਪਰਿਵਾਰ `ਚੋ ਆਂ।"[3]

ਇਹੋ ਜਿਹੇ ਅਨੁਭਾਵਾਂ `ਚੋਂ ਗੁਜਰ ਕੇ ਲੇਖਕ ਨਿੱਗਰ ਰੂਪ ਵਿਚ ਪੇਸ਼ ਹੁੰਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਜਾਤ-ਪਾਤ ਦੇ ਸੰਸਕਾਰ ਉੱਚੀਆਂ ਜਾਤੀਆਂ ਵਾਲੇ ਲੋਕਾਂ ਦੇ ਮਨਾਂ ਵਿਚ ਡੂੰਘੇ ਉੱਕਰੇ ਹੋਏ ਹਨ। ਉੱਚ ਕੁਰਸੀਆਂ ਤੇ ਵੀ ਜਾਤ ਅਭਿਆਨੀ ਬੈਠੇ ਹਨ। ਲੇਖਕ ਈਮਾਨਦਾਰੀ ਤੇ ਨੇਕ ਨੀਅਤ ਨਾਲ ਡਿਊਟੀ ਕਰਦਾ ਸੀ ਪਰ ਸ਼ਿਕਾਇਤਾਂ ਤੇ ਖੱਜਲ-ਖੁਆਰੀਆਂ ਹੀ ਉਸ ਦੇ ਪੱਲੇ ਪਈਆਂ। ਜੇ ਉਹ ਉੱਚ ਜਾਤੀ ਵਿਚ ਪੈਦਾ ਹੋਇਆ ਹੁੰਦਾ ਤਾਂ ਅੱਜ ਉਸਦੀ ਝੋਲੀ ਇਨਾਮਾ ਨਾਲ ਭਰੀ ਹੋਈ ਸੀ।

ਸਮਾਜ ਦੀ ਆਰਥਿਕਤਾ ਦਾ ਕਿਸੇ ਵੀ ਸਮਾਜ ਨੂੰ ਬਦਲਣ ਵਿਚ ਅਹਿਮ ਰੋਲ ਹੁੰਦਾ ਹੈ। ਆਜ਼ਾਦੀ ਤੋਂ ਬਾਅਦ ਹਰੇ ਇਨਕਲਾਬ ਨੇ ਪੰਜਾਬ ਦੀ ਆਰਥਿਕਤਾ ਦੀਆਂ ਚੂਲਾਂ ਹਿਲਾ ਦਿੱਤੀਆਂ। ਇਸਦਾ ਉਸ ਵਕਤ ਲਾਭ ਸਿਰਫ ਉੱਚ ਜਾਤੀਆਂ ਨੂੰ ਹੋਇਆ। ਛੋਟੀ ਕਿਸਾਨੀ ਜ਼ਮੀਨਾਂ ਤੋਂ ਵਿਹਲੀ ਹੋ ਗਈ। ਉਹ ਖੁਦਕੁਸ਼ੀਆਂ ਦੇ ਰਾਹ ਪੈ ਗਏ। ਉਦਯੋਗੀਕਰਨ ਨੇ ਨੀਵੀਆਂ ਜਾਤੀਆਂ ਦੀ ਹਾਲਤ ਨੂੰ ਆਸਰਾ ਜਰੂਰ ਦਿੱਤਾ। ਉਹ ਪਿੰਡ ਦੇ ਸੀਰ-ਸਾਂਝ `ਚੋ ਨਿਕਲ ਕੇ ਸ਼ਹਿਰਾਂ ਵੱਲ ਵੀ ਜਾਣ ਲੱਗੇ। ਪਰ ਇੱਥੇ ਪੂਰੀ ਤਰ੍ਹਾਂ ਕਾਮਯਾਬ ਨਾ ਹੋ ਸਕੇ ਕਿਉਂਕਿ ਪ੍ਰਵਾਸੀ ਮਜਦੂਰਾਂ ਨੇ ਉਹਨਾਂ ਨੂੰ ਪਛਾੜ ਦਿੱਤਾ ਸੀ।

ਸਾਡੇ ਦੇਸ਼ ਵਿਚ ਆਜ਼ਾਦੀ ਦੇ ਇੰਨੇ ਵਰ੍ਹੇ ਲੰਘ ਜਾਣ ਤੇ ਵੀ ਰਾਜਨੀਤਿਕ ਪਾਰਟੀ ਦਲਿਤਾਂ ਪ੍ਰਤੀ ਵੋਟਾਂ ਤੋਂ ਉਪਰ ਨਹੀਂ ਉੱਠ ਸਕੀ। ਉਹਨਾਂ ਦਾ ਉਦੇਸ਼ ਅਗਲੀਆਂ ਚੋਣਾਂ ਲਈ ਦਲਿਤਾਂ ਨੂੰ ਪੌੜੀ ਬਨਾਉਣ ਤੱਕ ਹੀ ਸੀਮਤ ਹੁੰਦਾ ਹੈ।

ਕੋਈ ਇੱਕ ਨਹੀਂ ਅਨੇਕਾਂ ਉਦਾਹਰਨਾ ਦਿੱਤੀਆਂ ਜਾ ਸਕਦੀਆਂ ਹਨ ਜੋ ਇਹ ਸਾਬਤ ਕਰਨਗੀਆਂ ਕਿ ਇਹ ਪ੍ਰਬੰਧ ਕਿਰਤੀ ਕਾਮਿਆਂ ਦੇ ਪੱਖ ਦਾ ਨਹੀਂ। ਇਹ ਭੁੱਖ ਨਾਲ ਤਾਂਬੜ ਬਣੇ ਪਿੰਡਿਆਂ ਦੇ ਕਦਾਚਿਤ ਵੀ ਪੱਖ ਵਿਚ ਨਹੀਂ ਭੁਗਤੇਗਾ। ਸਗੋਂ ਬਾਫਰ ਖਾ-ਖਾ ਕੇ ਆਫਰੀਆਂ ਗੋਗੜਾਂ ਦੇ ਪੱਖ ਵਿੱਚ ਭੁਗਤੇਗਾ।[4]

ਅਤਰਜੀਤ ਸਵੈਜੀਵਨੀ ਵਿਚ ਦਲਿਤਾਂ ਦੇ ਹੁੰਦੇ ਅਮਾਨਵੀ ਵਰਤਾਰੇ ਦੀ ਗੱਲ ਕਰਦਾ ਹੈ। ਇਸ ਵਰਤਾਰੇ ਵਿਚ ਸਮਾਜ ਦੇ ਘੜੰਮ ਚੌਧਰੀ ਜੋ ਜ਼ੈਲਦਾਰੀਆਂ ਤੇ ਨਵਾਬੀਆਂ ਮਾਣ ਰਹੇ ਹਨ, ਉਹਨਾਂ ਨੂੰ ਦਲਿਤਾਂ ਦਾ ਉੱਪਰ ਉੱਠਣਾ ਜਾਇਜ਼ ਨਹੀਂ ਲੱਗਦਾ। ਲੇਖਕ ਪਿੰਡ ਵਿਚ ਜਦੋਂ ਮਜ਼ਬੀ ਸਿੱਖਾਂ ਦੀ ਧਰਮਸ਼ਾਲਾ ਵਿਚ ਮੁੰਡਿਆਂ ਨੂੰ ਪੜ੍ਹਾਉਣ ਦਾ ਕਾਰਜ ਆਰੰਭ ਕਰਦਾ ਹੈ ਤਾਂ ਇਕ ਬਜ਼ੁਰਗ ਉਸਨੂੰ ਰਾਹ ਵਿਚ ਘੇਰ ਕੇ ਵੰਗਾਰਦਾ ਹੈ :

"ਦੇਖ ਉਇ ਮੁੰਡਿਆ! ਤੂੰ ਸਾਰੇ ਮੁੰਡਿਆਂ ਨੂੰ ਮਗਰ ਲਾਉਂਦਾ ਫਿਰਦੈ, ਪਹਿਲਾਂ ਆਪਣੀ ਜਾਤ ਵੇਖ ਫੇਰ ਲੀਡਰੀਆਂ ਕਰੀ।"[5]

ਬ੍ਰਾਹਮਣੀ ਸਾਮੰਤੀ ਸੋਚ ਨੇ ਉਹਨਾਂ ਦੇ ਹਿੱਸੇ ਸਿਰਫ ਵਗਾਰ ਹੀ ਲਿਖੀ ਸੀ। ਉਹਨਾਂ ਦੇ ਪੱਲੇ ਜਾਤ ਨਾਲ ਸੰਬੰਧਿਤ ਗਾਲ੍ਹਾਂ ਹੀ ਪੈਂਦੀਆਂ ਹਨ। ਇਸ ਤਰ੍ਹਾਂ ਤਰਫੇ ਦੀ ਸੋਚ ਰੱਖਣ ਵਾਲੇ ਸਮਾਜ ਪਾਸੋਂ ਬਰਾਬਰੀ ਦੀ ਆਸ ਕਰਨੀ ਮੂਰਖਤਾ ਜਾਪਦੀ ਹੈ। ਰਿਜ਼ਰਵੇਸ਼ਨ ਦਾ ਸਹਾਰਾ ਲੈ ਕੇ ਉੱਪਰ ਪਹੁੰਚੇ ਦਲਿਤ ਲੋਕ ਵੀ ਆਪਣਿਆਂ ਤੋਂ ਨੀਵਿਆਂ ਨੂੰ ਕੀੜੇ-ਮਕੌੜੇ ਹੀ ਸਮਝਦੇ ਹਨ। ਲੁੱਟ ਪ੍ਰਧਾਨ ਸਮਾਜ ਵਿਚ ਆਪਸੀ ਰਿਸ਼ਤਿਆਂ ਦਾ ਰੂਪ ਸੁਖਾਵਾਂ ਨਹੀਂ ਰਿਹਾ। ਜਿੱਥੇ ਕੋਈ ਰਿਸ਼ਤਾ ਹੇਠਲੇ ਪੱਧਰ ਤੇ ਵਿਚਰ ਰਿਹਾ ਹੈ, ਉਪਰਲੇ ਪੱਧਰ ਤੇ ਪਹੁੰਚੇ ਰਿਸ਼ਤੇ ਲਈ ਉਹਨਾਂ ਲਈ ਕੋਈ ਜਗ੍ਹਾ ਨਹੀਂ। ਲੇਖਕ ਅਨੁਸਾਰ :

"ਰਿਸ਼ਤਿਆਂ ਦੀ ਅਨਾਰਕੀ ਉਸੇ ਸਮਾਜ ਦੀ ਪੈਦਾਵਾਰ ਹੈ ਜੋ ਅਪਣੇ ਰਾਜਸੀ ਪ੍ਰਬੰਧ ਨੇ ਸਿਰਜਿਆ ਹੈ ਜਿੱਥੇ ਚੋਰ ਉੱਚਕੇ ਲੱਠ ਮਾਰ ਡਾਕੂ ਕਾਤਲ ਆਦਿ ਰਾਜ ਸੱਤਾ ਤੇ ਕਾਬਜ਼ ਹਨ।"[6]

ਲੇਖਕ ਬਾਬਾ ਸਾਹਿਬ ਡਾ. ਅੰਬੇਦਕਰ ਨੂੰ ਮਹਾਨ ਮੰਨਦਾ ਹੈ। ਡਾ. ਸਾਹਿਬ ਦੀਆਂ ਕੋਸ਼ਿਸ਼ਾਂ ਸਦਕਾ ਹੀ ਦਲਿਤਾਂ ਨੂੰ ਕੁਝ ਨਾ ਕੁਝ ਸਨਮਾਨਯੋਗ ਸਥਾਨ ਹਾਸਿਲ ਹੋਇਆ ਹੈ।

"ਆਜਾਦੀ ਤੋਂ ਬਾਅਦ ਦੀਆਂ ਅਦਲਾ ਬਦਲੀਆਂ ਨੇ ਪੰਜਾਬ ਵਿਚ ਪੱਟੀ ਦਰਜ ਜਾਤੀਆਂ, ਜੀਵਨ ਦੀਆਂ ਹਾਲਤਾਂ ਤੇ ਦਰਜੇ ਵਿਚ ਵਰਨਣਯੋਗ ਪਰਿਵਰਤਨ ਲਿਆਂਦਾ ਹੈ, ਸਮਾਜ ਨਿਆਂ ਲਈ ਖਾਸ ਤੌਰ `ਤੇ ਛੂਤ-ਛਾਤ ਦੇ ਖਾਤਮੇ ਲਈ ਚੁੱਕੇ ਗਏ ਸੰਵਿਧਾਨਿਕ ਤੇ ਕਾਨੂੰਨੀ ਕਦਮ, ਜਿੰਨ੍ਹਾਂ ਨੇ ਕਿਸੇ ਨਾ ਕਿਸੇ ਸ਼ਕਲ ਵਿਚ ਛੂਤ-ਛਾਤ ਨੂੰ ਕਾਨੂੰਨ ਅਧੀਨ ਕਾਬਲੇ ਸਜ਼ਾ ਜੁਰਮ ਕਰਾਰ ਦੇ ਦਿੱਤਾ ਹੈ, ਬਹੁਤ ਮਹੱਤਵਪੂਰਨ ਸਾਬਤ ਹੋਏ ਹਨ।"[7]

ਲੇਖਕ ਉਸ ਸਰਬ ਸ਼ਕਤੀਮਾਨ ਰੱਬ ਅੱਗੇ ਵੀ ਸ਼ਿਕਵਾ ਕਰਦਾ ਹੈ ਜੋ ਪੈਦਾ ਹੋਇਆ ਦੀ ਪਹਿਚਾਣ ਮਨੁੱਖ ਕਰਦੇ ਕਿਉਂ ਨਹੀਂ ਹੁੰਦੀ। ਕਿਉਂ ਉਹਨਾਂ ਨੂੰ ਵੱਖ-ਵੱਖ ਜਾਤਾਂ ਕਰਕੇ ਵੰਡਿਆਂ ਜਾਂਦਾ ਹੈ। ਨਾਲ ਹੀ ਲੇਖਕ ਗੁਰੂ ਗ੍ਰੰਥ ਸਾਹਿਬ ਦੇ ਅਮੀਰ ਘਰਾਂ ਵਿਚ ਸਜੇ ਹੋਣ ਤੇ ਆਪਣੇ ਚਾਚੇ ਦੇ ਕੱਚੇ ਚੁਬਾਰੇ ਦੇ ਆਲੇ ਵਿਚ ਪਏ ਹੋਣ `ਤੇ ਗੁਰੂ ਦੇ ਵੀ ਅਮੀਰ ਜਾਂ ਗਰੀਬ ਹੋਣ ਦੀ ਗੱਲ ਕਰਦਾ ਹੈ। ਗੁਰੂ ਸਾਹਿਬਾਨ ਦੁਆਰਾ ਦਿੱਤੀ ਸੋਚ 'ਮਾਨਸ ਦੀ ਜਾਤ ਸਬੈ ਏਕੈ ਪਹਿਚਾਨਬੋ' ਦੇ ਮਹਾਂਵਾਕ `ਤੇ ਅਮਲ ਕਰਨਾ ਅਜੇ ਬਾਕੀ ਹੈ। ਗੁਰੂ ਸਾਹਿਬਾਨ ਨੇ ਤਾਂ ਜਾਤ-ਪਾਤ ਦਾ ਖਾਤਮਾ ਕਰਕੇ ਇਕ ਖਾਲਸਾ ਸਾਜਿਆ ਸੀ। ਲੇਖਕ ਇਸ ਬਾਰੇ ਆਖਦਾ ਹੈ :

"ਗੁਰੂ ਮਹਾਂਰਾਜ ਉ ਰਜਵਾੜਿਆਂ ਦੇ ਘਰ ਵਿਚ ਆ ਕੇ ਅਮੀਰ ਹੋ ਗਿਆ। ਸਾਡੇ ਚਾਚੇ ਦੇ ਕੱਚੇ ਚੁਬਾਰੇ ਦੇ ਆਲੇ ਜਿਹੇ ਵਿਚ ਤਾਂ ਨੂੰ ਖੱਦਰ ਦੇ ਕੇਸਰੀ ਰੁਮਾਲਿਆਂ ਵਿਚ ਬਿਰਾਜਮਾਨ ਸੈਂ-ਗਰੀਬੀ ਧਾਰਨ ਕਰਕੇ।"[8]

ਲੇਖਕ ਆਪਣੇ ਸਵੈ ਦੀ ਗੱਲ ਕਰਦਿਆਂ ਬਹੁਤ ਕੁਝ ਭੋਗਦਾ ਹੈ ਜੋ ਬੇਹੱਦ ਮੁਸ਼ਕਿਲ ਹੈ। ਉਹ ਸਮਾਜ ਵਲੋਂ ਦਿੱਤੀ ਮਾਨਸਿਕ ਪੀੜ ਨਾਲ ਜੂਝਦਾ ਹੈ। ਲੇਖਕ ਦਾ ਸਵੈ ਸਮਾਜ ਦੁਆਰਾ ਛਲਣੀ ਕੀਤਾ ਜਾਂਦਾ ਹੈ। ਉਹ ਸਮਾਜ ਤੋਂ ਅਲਵਿਦਾ ਲੈਣਾ ਚਾਹੁੰਦਾ ਹੈ ਪਰ ਉਹ ਜਾਵੇ ਕਿੱਥੇ? ਉਸਦੇ ਕਿੱਤੇ ਅਤੇ ਵਿਸ਼ੇ ਵਾਰੇ ਵੀ ਲੋਕਾਂ ਦੀ ਗਲਤ ਧਾਰਨਾ ਬਣੀ ਹੋਈ ਹੈ। ਪੰਜਾਬੀ ਵਿਸ਼ੇ ਨੂੰ ਅਤੇ ਪੰਜਾਬੀ ਦੇ ਅਧਿਆਪਕ ਵੀ ਸ਼ੂਦਰ ਸਮਝਿਆ ਜਾਂਦਾ ਸੀ। ਇਕ ਜਾਤ ਦਾ ਸ਼ੂਦਰ ਤੇ ਉਸਨੂੰ ਅਛੂਤ ਵਿਸ਼ੇ ਦਾ ਅਧਿਆਪਕ ਹੋਣਾ ਲੇਖਕ ਲਈ ਸੰਤਾਪ ਭੋਗਣ ਦੇ ਬਰਾਬਰ ਸੀ। ਸਮਾਜ ਵਿਚ ਮਨੂੰਵਾਦੀ ਸੋਚ ਦਾ ਬੋਲਬਾਲਾ ਸੀ। ਮਨੂੰ ਸਿਮ੍ਰਿਤੀ ਵਿਚ ਵਿਤਕਰੇ ਵਾਲੀ ਸੋਚ ਸਪੱਸ਼ਟ ਤੌਰ ਤੇ ਨਜ਼ਰ ਆਉਂਦੀ ਹੈ। ਸੰਵਿਧਾਰ ਵਿਚ ਤਾਂ ਭਾਵੇਂ ਦਲਿਤਾਂ ਦੀ ਰਿਜ਼ਰਵੇਸ਼ਨ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ ਪਰ ਪੜ੍ਹਾਈ ਦਾ ਪੱਧਰ ਦਲਿਤਾਂ ਲਈ ਹੋਰ ਹੈ। ਸਰਕਾਰ ਤੇ ਸਮਾਜ ਵਲੋਂ ਸਰਕਾਰੀ ਸਕੂਲਾਂ ਨੂੰ ਲੋੜੀਂਦੀਆਂ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ। ਇਸ ਸੰਬੰਧੀ ਡਾ. ਸ਼ੇਯਰਾਜ ਸਿੰਘ ਬੇਚੈਨ ਲਿਖਦੇ ਹਨ :-

''ਹੁਣ ਦਰੋਣਾਚਾਰੀਆ ਅਰਜਨ ਨੂੰ ਪਬਲਿਕ ਸਕੂਲ ਵਿਚ ਅੰਗਰੇਜ਼ੀ ਅਤੇ ਸਾਇੰਸ ਦੇ ਤੀਰ ਕਮਾਨ ਦੇ ਰਿਹਾ ਹੈ ਅਤੇ ਦਲਿਤ ਰੂਪ ਇਕਲੱਵਯ ਨੂੰ ਨਿਹੱਥਾ ਕਰਕੇ ਸੁੰਤਤਰ ਮੁਕਾਬਲੇ ਅਤੇ ਆਪਣੀ ਲਿੱਖੀ ਮੈਰਿਟ ਦੇ ਆਧਾਰ ਤੇ ਰੋਜ਼ੀ ਰੋਟੀ ਦੇ ਹੱਕ ਪ੍ਰਾਪਤ ਕਰਨ ਲਈ 'ਨਾਟ ਫਾਊਂਡ ਸੂਟੇਬਲ' (ਟਰਵ ਰਿਚਅਦ ਛਚਜਵ੍ਲ;ਕ) ਸਾਬਤ ਕਰ ਰਿਹਾ ਹੈ।"[9]

ਲੇਖਕ ਆਪਣੀ ਜਵਾਨੀ ਦੇ ਦਿਨਾਂ ਦੌਰਾਨ ਦਿਲ ਦੇ ਜਵਾਰਭਾਟਿਆਂ ਦੀ ਗੱਲ ਸਪਸ਼ੱਟ ਰੂਪ ਵਿਚ ਪੇਸ਼ ਕਰਦਾ ਹੈ। ਪਰ ਉਸਨੂੰ ਜਾਤ ਸੰਬੰਧੀ ਕੁਬੋਲ ਵੀ ਸੁਣਨੇ ਪੈਂਦੇ ਹਨ। ਉਸਦੇ ਸਵੈ ਉੱਤੇ ਵਾਰ ਉਸਦੇ ਅਪਣਿਆਂ ਨੇ ਹੀ ਕੀਤੇ। ਸੋ ਆਪਣੀ ਹੋਣੀ ਆਪ ਬਣਾਉਣ ਲਈ ਸਮਾਜ ਨੂੰ ਬਦਲਣਾ ਹੀ ਪਵੇਗਾ। ਲੇਖਕ ਜੀਵਨ ਨੂੰ ਸੰਘਰਸ਼ ਦਾ ਨਾਂ ਦਿੰਦਾ ਹੈ। ਇਸ ਸੰਘਰਸ਼ ਵਿਚੋਂ 'ਅੱਕ ਦੀਆਂ ਘੁੱਟਾਂ' ਤਾਂ ਮਿਲੀਆਂ ਹੀ ਨਾਲ ਹੀ ਸ਼ਹਿਦ ਦੇ ਕਟੋਰੇ ਵੀ ਮਿਲੇ ਜੋ ਲੇਖਕ ਦਾ ਹਾਸਲ ਕਿਹਾ ਜਾ ਸਕਦਾ ਹੈ।

**ਹਵਾਲੇ :**

1. ਅਤਰਜੀਤ, ਅੱਕ ਦਾ ਦੁੱਧ, ਪੰਨਾ-123
2. ਉਹੀ, ਪੰਨਾ-44
3. ਉਹੀ, ਪੰਨਾ-44
4. ਉਹੀ, ਪੰਨਾ-200
5. ਉਹੀ, ਪੰਨਾ-112
6. ਉਹੀ, ਪੰਨਾ-127
7. ਜਿੰਦਰ (ਸੰਪਾ.) ਇਕਬਾਲੀਆ ਬਿਆਨ, ਪੰਨਾ-10
8. ਅਤਰਜੀਤ, ਅੱਕ ਦਾ ਦੁੱਧ, ਪੰਨਾ-70
9. ਸਰਬਜੀਤ ਸਿੰਘ (ਡਾ.), (ਸੰਪਾ.) ਦਲਿਤ ਦ੍ਰਿਸ਼ਟੀ ਸਯੋਰਾਜ ਸਿੰਘ ਬੇਚੈਨ, ''ਦਲਿਤ ਸਾਹਿਤ ਦੀ ਲੋਕਤਾਂਤਰਿਕ ਭੂਮਿਕਾ", ਪੰਨਾ-71